35

# ‘‘ਮੈਂ ਪ੍ਰਭੂ ਨੂੰ ਵੇਖਿਆ’’

(20:1-31)

ਕਾਲਜ ਦੇ ਦਿਨਾਂ ਵਿਚ ਇਕ ਵਾਰ ਮੈਂ ਕਿਸੇ ਦੂਜੇ ਰਾਜ ਦੀ ਇਕ ਯੂਥ ਮੀਟਿੰਗ ਵਿਚ ਕੰਮ ਕਰਨ ਲਈ ਵਿਦਿਆਰਥੀਆਂ ਦੀ ਇਕ ਟੋਲੀ ਨਾਲ ਗਿਆ। ਆਪਣੀ ਮੰਜਿਲ ਤਕ ਪਹੁੰਚਣ ਲਈ ਗੱਡੀ ਵਿਚ ਬੈਠਿਆਂ ਸਾਨੂੰ ਆਪੋ ਆਪਣੇ ਵਿਸ਼ਵਾਸ ਦੇ ਸਫ਼ਰ ਬਾਰੇ ਦੱਸਦੇ ਕਈ ਘੰਟੇ ਲੰਘ ਗਏ। ਕਾਰ ਵਿਚ ਬੈਠੇ ਵਿਦਿਆਰਥੀਆਂ ਵਿੱਚੋਂ ਕਈ ਮਸੀਹੀ ਪਰਿਵਾਰ ਵਿਚ ਹੀ ਜੰਮੇ ਪਲੇ ਸਨ, ਅਤੇ ਕਈ ਆਪਣੇ ਘਰ ਵਿਚ ਇਕੱਲੇ ਹੀ ਮਸੀਹੀ ਸਨ। ਕਿਸੇ ਨੂੰ ਤਾਂ ਸ਼ੱਕ ਵਿੱਚੋਂ ਨਿੱਕਲਣ ਲਈ ਸੰਘਰਸ਼ ਕਰਨਾ ਪਿਆ ਸੀ ਅਤੇ ਕਿਸੇ ਨੂੰ ਬਿਲਕੁਲ ਨਹੀਂ। ਕਿਸੇ ਨੇ ਹੁਣੇ ਹੁਣੇ ਹੀ ਆਪਣੀ ਜ਼ਿੰਦਗੀ ਯਿਸੂ ਦੇਣ ਦਾ ਫ਼ੈਸਲਾ ਕੀਤਾ ਸੀ, ਅਤੇ ਕੋਈ ਕਈ ਸਾਲਾਂ ਤੋਂ ਮਸੀਹੀ ਸੀ।

ਆਪਣੀ ਆਪਣੀ ਕਹਾਣੀ ਸੁਣਾਉਂਦੇ ਹੋਏ, ਜਿਸ ਗੱਲ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਉਹ ਇਕ ਕੁੜੀ ਦੀ ਕਹਾਣੀ ਸੀ ਜਿਸ ਨੇ ਹਾਈ ਸਕੂਲ ਵਿਚ ਜੀਵ ਵਿਗਿਆਨ ਦੀ ਕਲਾਸ ਵਿਚ ਵਿਸ਼ਵਾਸ ਗੁਆ ਦਿੱਤਾ ਸੀ। ਇਕ ਟੀਚਰ ਦੀ ਗੱਲ ਮੰਨ ਕੇ, ਜੋ ਪਰਮੇਸ਼ੁਰ ਤੇ ਉਹਦੇ ਵਿਸ਼ਵਾਸ ਦਾ ਮਜ਼ਾਕ ਉਡਾਉਂਦਾ ਸੀ, ਉਸ ਨੇ ਵਿਸ਼ਵਾਸ ਨੂੰ ਇਕ ਹੋਰ ਮੌਕਾ ਦੇਣ ਲਈ ਇੰਜੀਲ ਦੀਆਂ ਕਿਸ਼ਤਾਂ ਫਿਰ ਤੋਂ ਪੜ੍ਹਨ ਦਾ ਫ਼ੈਸਲਾ ਲਿਆ ਸੀ। ਉਹ ਹੈਰਾਨ ਸੀ, ‘‘ਕੀ ਇਹ ਅਸਲੀਅਤ ਹੈ ਜਾਂ ਕਲਪਿਤ ਮਨੋਹਰ ਕਹਾਣੀ? ਕੀ ਯਿਸੂ ਨਾਂਅ ਦਾ ਕੋਈ ਆਦਮੀ ਧਰਤੀ ਤੇ ਰਹਿੰਦਾ ਵੀ ਸੀ? ਜੇ ਉਹ ਰਹਿੰਦਾ ਸੀ ਤਾਂ ਕੀ ਉਹ ਪਰਮੇਸ਼ੁਰ ਦਾ ਪੁੱਤਰ ਸੀ?’’ ਕਈ ਮਹੀਨਿਆਂ ਤਕ ਉਹ ਇਨ੍ਹਾਂ ਸਵਾਲਾਂ ਦਾ ਜਵਾਬ ਲੱਭਦੀ ਰਹੀ। ਅਖ਼ੀਰ ਉਹ ਇਕ ਸਪੱਸ਼ਟ ਪਰ ਗੰਭੀਰ ਨਤੀਜੇ ਤੇ ਪਹੁੰਚੀ। ਉਸ ਨੂੰ ਸਮਝ ਆ ਗਿਆ ਕਿ ਇੰਜੀਲ ਦੇ ਸੰਦੇਸ਼ ਦੇ ਸੱਚ ਹੋਣ ਦਾ ਅਧਾਰ ਜੀ ਉੱਠਣ ਹੀ ਹੈ। ਜੇ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ, ਤਾਂ ਇਹ ਸਭ ਸੱਚ ਹੋਵੇਗਾ ਕਿ ਉਸ ਨੇ ਮੋਅਜਜ਼ੇ ਕੀਤੇ ਸਨ, ਅਤੇ ਉਹ ਪਰਮੇਸ਼ੁਰ ਦਾ ਪੁੱਤਰ ਹੈ। ਜੇ ਉਹ ਮੁਰਦਿਆਂ ਵਿੱਚੋਂ ਨਹੀਂ ਜੀ ਉੱਠਿਆ, ਤਾਂ ਫਿਰ ਉਹ ਇਕ ਕੋਰੀ ਕਲਪਨਾ ਜਾਂ ਇਕ ਖ਼ਤਰਨਾਕ ਫ਼ਰੇਬ ਹੈ।

ਮੇਰੀ ਉਹ ਮਿੱਤਰ ਸਹੀ ਸੀ। ਇੰਜੀਲ ਦੀਆਂ ਕਿਤਾਬਾਂ (ਇੰਜੀਲ ਦੇ ਯੂਹੰਨਾ ਦੇ ਵਿਰਤਾਂਤ) ਭਾਵੇਂ ਯਿਸੂ ਦੇ ਜੀ ਉੱਠਣ ਦੀ ਸੱਚਾਈ ਤੇ ਹੀ ਟਿਕਦੇ ਜਾਂ ਡਿਗਦੇ ਹਨ। ਪੌਲੁਸ ਨੇ ਇਸ ਤਰ੍ਹਾਂ ਕਿਹਾ:

> ... [ਪਰਮੇਸ਼ੁਰ ਨੇ] ਜਿਹ ਦਾ ਓਨ ਆਪਣੇ ਨਬੀਆਂ ਦੇ ਰਾਹੀਂ ਧਰਮ ਪੁਸਤਕ ਵਿਚ ਵਿਚ ਅੱਗੋਂ ਹੀ ਵਚਨ ਦਿੱਤਾ ਸੀ ਅਰਥਾਤ ਆਪਣੇ ਪੁੱਤਰ ਦੇ ਹੱਕ ਵਿਚ ਜਿਹੜਾ ਸਰੀਰ ਦੇ ਸਰਬੰਧ ਕਰਕੇ ਦਾਊਦ ਦੀ ਅੰਸ ਵਿੱਚੋਂ ਉਤਪਤ ਹੋਇਆ ਅਤੇ ਪਵਿੱਤਰਤਾਈ ਦੇ ਆਤਮਾ ਦੇ ਸਮਰੱਥਾ ਕਰਕੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਸਮਰੱਥਾ ਨਾਲ ਪਰਮੇਸ਼ੁਰ ਦਾ ਪੁੱਤਰ ਸਾਡਾ ਪ੍ਰਭੂ ਯਿਸੂ ਮਸੀਹ ਮਿਥਿਆ ਗਿਆ (ਰੋਮੀਆਂ 1:2-4)।

ਹੁਣ, ਜਦ ਅਸੀਂ ਯੂਹੰਨਾ ਦੀ ਇੰਜੀਲ ਭਾਵ ਵਿਸ਼ਵਾਸ ਦੇ ਸ਼ੁਭ ਸਮਾਚਾਰ ਦੀ ਹੱਦ ਤਕ ਆਉਂਦੇ ਹਨ, ਤਾਂ ਸਾਨੂੰ ਯਿਸੂ ਦੇ ਯਿਸੂ ਦੇ ਜੀ ਉੱਠਣ ਦੀ ਕਹਾਣੀ ਮਿਲਦੀ ਹੈ। ਇਹ ਕੋਈ ਛੋਟੀ ਗੱਲ ਨਹੀਂ ਹੈ, ਕਿਉਂਕਿ ਉਹ ਸਭ ਕੁਝ ਓਸੇ ਤੇ ਟਿਕਿਆ ਹੈ।

ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਜੀ ਉੱਠਣ ਦੀ ਪੇਸ਼ਕਸ਼ ਸਾਫ਼ ਹੈ ਅਤੇ ਜੀ ਉੱਠੇ ਪ੍ਰਭੂ ਦੇ ਚਾਰ ਵੱਖ-ਵੱਖ ਦਰਸ਼ਨਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਹਰ ਦਰਸ਼ਨ ਕੁਝ ਨਵਾਂ ਪੇਸ਼ ਕਰਦਾ ਹੈ। ਅਧਿਆਇ 20 ਦੇ ਸ਼ੁਰੂ ਵਿਚ ਦੂਜਿਆਂ ਨੂੰ ਜੀ ਉੱਠਣ ਦੇ ਸਵਾਲਾਂ ਦਾ ਜਵਾਬ ਦਿੰਦੇ ਵੇਖ ਕੇ ਸਾਨੂੰ ਲਗ ਸਕਦਾ ਹੈ ਕਿ ਅਸੀ ਦਰਸ਼ਕ ਹਾਂ। ਪਰ ਅਧਿਆਇ ਦੇ ਅਖ਼ੀਰ ਵਿਚ ਅਸੀਂ ਵੇਖਾਂਗੇ ਕਿ ਅਸੀਂ ਆਪ ਤਸਵੀਰ ਦੇ ਵਿਚਕਾਰ ਹਾਂ, ਜਿਨ੍ਹਾਂ ਇਹ ਫ਼ੈਸਲਾ ਕਰਨਾ ਹ ਕਿ ਯਿਸੂ ਨਾਲ ਕੀ ਕਰੀਏ।

## ਜੀ ਉੱਠਣ ਅਤੇ ਮਰੀਅਮ ਮਗਦਲੀਨੀ (20:1-18)

ਯਿਸੂ ਨੂੰ ਸਲੀਬ ਚੜ੍ਹਾਏ ਜਾਣ ਤੋਂ ਬਾਅਦ ਵਾਲੇ ਐਤਵਾਰ ਦੀ ਸਵੇਰ, ਜਦ ਅਜੇ ਹਨ੍ਹੇਰਾ ਹੀ ਸੀ ਤਾਂ ਮਰੀਅਮ ਮਗਦਲੀਨੀ ਵੀ ਕਬਰ ਤੇ ਆਈ। ਇਹ ਵੇਖ ਕੇ ਕਿ ਉੱਥੇ ਉਹ ਪੱਥਰ ਜੋ ਕਬਰ ਤੇ ਰੱਖਿਆ ਗਿਆ ਸੀ ਗਾਇਬ ਹੈ, ਉਸ ਨੇ ਨੱਸ ਕੇ ਪਤਰਸ ਅਤੇ ਯੂਹੰਨਾ (''ਦੂਜਾ ਚੇਲਾ ਜਿਸ ਨੂੰ ਯਿਸੂ ਪ੍ਰੇਮ ਕਰਦਾ ਸੀ'') ਕੋਲ ਗਈ ਅਤੇ ਉਨ੍ਹਾਂ ਨੂੰ ਦੱਸਿਆ ਕਿ ''ਪ੍ਰਭੂ ਨੂੰ ਕਬਰ ਵਿੱਚੋਂ ਕੱਢ ਲੈ ਗਏ ਅਤੇ ਸਾਨੂੰ ਪਤਾ ਨਹੀਂ ਭਈ ਉਹ ਨੂੰ ਕਿੱਥੇ ਰੱਖਿਆ!'' (20:2)। ਲੱਗਦਾ ਹੈ ਕਿ ਉਸ ਸਵੇਰ ਮਰੀਅਮ ਦੇ ਮਨ ਵਿਚ ਜੀ ਉੱਠਣ ਦਾ ਵਿਚਾਰ ਨਹੀਂ ਆਇਆ ਹੋਵੇਗਾ, ਭਾਵੇਂ ਉਹ ਯਿਸੂ ਦੀ ਸਮਰਪਿਤ ਚੇਲੀ ਸੀ ਅਤੇ ਉਸ ਦੇ ਉਪਦੇਸ਼ਾਂ ਨੂੰ ਬੜੇ ਧਿਆਨ ਨਾਲ ਸੁਣਦੀ ਸੀ। ਉਸ ਦੇ ਖ਼ਿਆਲ ਵਿਚ, ਖਾਲੀ ਕਬਰ ਦਾ ਕਾਰਣ ਸਿਰਫ਼ ਇਹੀ ਹੋ ਸਕਦਾ ਸੀ ਕਿ ਕੋਈ ਉਹਦੀ ਲਾਸ਼ ਨੂੰ ਚੁਰਾ ਕੇ ਲੈ ਗਿਆ।

ਮਰੀਅਮ ਦੀ ਗੱਲ ਸੁਣ ਕੇ, ਪਤਰਸ ਅਤੇ ਯੂਹੰਨਾ ਕਬਰ ਵੱਲ ਨੱਸੇ। ਯੂਹੰਨਾ ਅੱਗੇ ਨਿਕਲ ਕੇ ਪਹਿਲਾਂ ਹੀ ਪਹੁੰਚ ਗਿਆ ਅਤੇ ਕਬਰ ਦੇ ਕੋਲ਼ ਜਾ ਕੇ ਰੁਕ ਗਿਆ। ਉਸ ਨੂੰ ਕਬਰ ਦੇ ਬਾਹਰ ਖੜਾ ਛੱਡ ਕੇ, ਪਤਰਸ ਅੰਦਰ ਚਲਿਆ ਗਿਆ। (ਭਲਾ ਪਤਰਸ ਇਵੇਂ ਹੀ ਨਹੀਂ ਕਰਦਾ ਸੀ?) ਦੋਹਾਂ ਮਲਮਲ ਦੇ ਕਫ਼ਨ ਨੂੰ ਉੱਥੇ ਪਏ ਅਤੇ ਮੂੰਹ ਤੇ ਬੰਨ੍ਹਣ ਵਾਲੇ ਕੱਪੜੇ ਨੂੰ ਇਕ ਪਾਸੇ ਲਪੇਟ ਕੇ ਰੱਖਿਆ ਵੇਖਿਆ। ਹੁਣ ਯੂਹੰਨਾ ਵੀ ਕਬਰ ਦੇ ਅੰਦਰ ਆ ਗਿਆ ਸੀ ਅਤੇ ਉਸ ਨੇ ਵਿਸ਼ਵਾਸ ਕੀਤਾ। ਪਰ ਇਨ੍ਹਾਂ ਚੇਲਿਆਂ ਨੂੰ ਅਜੇ ਵੀ ਇਹ ਸਮਝ ਨਹੀਂਆਈ ਸੀ ਕਿ ਪਵਿੱਤਰ ਲਿਖਤ ਵਿਚ ਇਹ ਕਿਵੇਂ ਦੱਸਿਆ ਗਿਆ ਸੀ ਕਿ ਮਸੀਹ ਮੁਰਦਿਆਂ ਵਿੱਚੋਂ ਜੀ ਉੱਠੇਗਾ। ਪਤਰਸ ਅਤੇ ਯੂਹੰਨਾ ਲਈ ਇਸ ਗੱਲ ਨੂੰ ਸਮਝਣਾ ਬੜਾ ਔਖਾ ਸੀ।

ਇਨ੍ਹਾਂ ਦੋਹਾਂ ਚੇਲਿਆਂ ਦੇ ਆਪਣੇ ਘਰਾਂ ਨੂੰ ਵਾਪਸ ਆਉਣ ਦੇ ਬਾਅਦ, ਮਰੀਅਮ ਕਬਰ ਦੇ ਕੋਲ਼ ਖੜੀ ਰੋਂਦੀ ਰਹੀ। ਉਹ ਯਿਸੂ ਨੂੰ ਬੇਹੱਦ ਪਿਆਰ ਕਰਦੀ ਸੀ ਅਤੇ ਉਸ ਨੂੰ ਲੱਗਾ ਕਿ ਕਬਰਾਂ ਦੇ ਲੁਟੇਰਿਆਂ ਨੇ ਉਸ ਦੇ ਜਖ਼ਮਾਂ ਤੇ ਲੂਣ ਛਿੜਕ ਦਿੱਤਾ ਹੈ। ਉਹ ਆਪਣੀ ਜ਼ਿੰਦਗੀ ਵਿਚ ਇਸ ਤੋਂ ਭਿਆਨਕ ਹਾਲਾਤ ਦੀ ਕਲਪਨਾ ਨਹੀਂ ਕਰ ਸਕਦੀ ਸੀ। ਉਸ ਨੇ ਰੋਂਦਿਆਂ, ਝੁਕ ਕੇ ਕਬਰ ਅੰਦਰ ਝਾਤੀ ਮਾਰੀ, ਉੱਥੇ ਉਸ ਨੂੰ ਦੋ ਫ਼ਰਿਸ਼ਤੇ ਮਿਲੇ ਜੋ ਬਾਡੀਗਾਰਡਾਂ ਵਾਂਗ ਉੱਥੇ ਬੈਠੇ ਸਨ ਜਿੱਥੇ ਯਿਸੂ ਦਾ ਸਿਰ ਅਤੇ ਪੈਰ ਰੱਖੇ ਗਏ ਸਨ। ਜਦ ਉਨ੍ਹਾਂ ਉਸ ਤੋਂ ਪੁੱਛਿਆ ਕਿ ਉਹ ਕਿਉਂ ਰੋਂਦੀ ਹੈ ਤਾਂ ਉਸ ਨੇ ਦੱਸਿਆ, ''ਮੇਰੇ ਪ੍ਰਭੂ ਨੂੰ ਲੈ ਗਏ ਅਤੇ ਮੈਨੂੰ ਪਤਾ ਨਹੀਂ

ਜੋ ਉਹ ਨੂੰ ਕਿੱਥੇ ਰੱਖਿਆ'' (20:13)।

ਧਿਆਨ ਦਿਓ ਕਿ ਇੱਥੇ ਕਹਾਣੀ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਯਿਸੂ ਦੀ ਲਾਸ਼ ਉੱਥੇ ਨਹੀਂ ਸੀ। ਇਹ ਕੋਈ ਛੋਟਾ ਵੇਰਵਾ ਨਹੀਂ ਹੈ। ਇਹ ਆਉਣ ਵਾਲੀਆਂ ਪੀੜ੍ਹੀਆਂ ਦੇ ਵਿਸ਼ਵਾਸ ਲਈ ਇਕ ਸਬੂਤ ਹੈ। ਯੂਹੰਨਾ 20 ਨੂੰ ਰਸੂਲਾਂ ਦੇ ਕੰਮ ਦੇ ਮੁੱਢਲੇ ਆਧਿਆਵਾਂ ਨਾਲ ਪੜ੍ਹਨ ਤੇ ਸਾਨੂੰ ਪਤਾ ਲਗਦਾ ਹੈ ਕਿ ਅਰੰਭਿਕ ਕਲੀਸੀਆ ਦੇ ਵਿਰੋਧੀ ਕਿਸ ਤਰ੍ਹਾਂ ਮਸੀਹੀਅਤ ਦੇ ਫ਼ੈਲਣ ਨੂੰ ਆਸਾਨੀ ਨਾਲ ਰੋਕ ਸਕਦੇ ਸਨ, ਉਨ੍ਹਾਂ ਨੂੰ ਯਿਸੂ ਦੀ ਲਾਸ਼ ਹੀ ਪੇਸ਼ ਕਰਨ ਦੀ ਜ਼ਰੂਰਤ ਸੀ। ਇਨੀ ਗੱਲ ਨਾਲ ਹੀ ਮਸੀਹੀਅਤ ਅਰਾਮ ਨਾਲ ਰੁਕ ਜਾਣੀ ਸੀ। ਸਾਫ਼ ਹੈ ਕਿ ਉਹ ਇਸ ਨੂੰ ਰੋਕ ਨਹੀਂ ਸਕੇ, ਜਾਂ ਉਨ੍ਹਾਂ ਨੇ ਇਸ ਨੂੰ ਰੋਕਿਆ। ਗਾਇਬ ਲਾਸ਼ ਯਿਸੂ ਦੇ ਜੀ ਉੱਠਣ ਦਾ ਵੱਡਾ ਸਬੂਤ ਹੈ!

ਫਿਰ ਮਰੀਅਮ ਨੇ ਮੁੜ ਕੇ ਵੇਖਿਆ ਕਿ ਯਿਸੂ ਉੱਥੇ ਖੜਾ ਹੈ। ਕਿਸੇ ਕਾਰਣ, ਸ਼ਾਇਦ ਮੁਨ੍ਹੇਰੇ ਦੇ ਹਨੇਰੇ ਕਰਕੇ, ਯਿਸੂ ਦੇ ਲਿਬਾਸ ਜਾਂ ਅੱਖਾਂ ਵਿਚ ਹੰਝੂਆਂ ਕਰਕੇ ਉਸ ਨੂੰ ਸਾਫ਼ ਨਾ ਵੇਖ ਪਾਉਣ ਤੇ ਮਰੀਅਮ ਕੋਲੋਂ ਪਛਾਣ ਨਾ ਹੋਇਆ ਕਿ ਸਾਹਮਣੇ ਖੜਾ ਆਦਮੀ ਯਿਸੂ ਹੀ ਹੈ। ਉਸ ਨੇ ਉਸ ਨੂੰ ਕਬਰ ਦੇ ਆਲੇ ਦੁਆਲੇ ਦੀ ਜ਼ਮੀਨ ਦੀ ਦੇਖਭਾਲ ਕਰਨ ਵਾਲਾ ਮਾਲੀ ਸਮਝ ਕੇ ਬੇਨਤੀ ਕੀਤੀ, ''ਮਹਾਰਾਜ ਜੇ ਉਹ ਨੂੰ ਤੂੰ ਲੈ ਗਿਆ ਹੈਂ ਤਾਂ ਮੈਨੂੰ ਦੱਸ ਭਈ ਤੈਂ ਉਹ ਨੂੰ ਕਿੱਥੇ ਰੱਖਿਆ ਹੈ ਅਤੇ ਮੈਂ ਉਹ ਨੂੰ ਲੈ ਜਾਵਾਂਗੀ'' (20:15)। ਤਦ ਯਿਸੂ ਨੇ ਉਹਦਾ ਨਾਂਅ ਲੈਕੇ ਬੁਲਾਇਆ, ''ਮਰੀਅਮ!'' ਉਸੇ ਵਕਤ ਉਸ ਨੂੰ ਪਹਿਲੀ ਵਾਰ ਪਤਾ ਚੱਲਿਆ ਕਿ ਉਹ ਜੀ ਉੱਠੇ ਪ੍ਰਭੂ ਨਾਲ ਹੀ ਗੱਲ ਕਰ ਰਹੀ ਹੈ।

ਯਿਸੂ ਦੇ ਮੂੰਹੋਂ ਆਪਣਾ ਨਾਂਅ ਸੁਣ ਕੇ, ਮਰੀਅਮ ਨੇ ਜਵਾਬ ਵਿਚ ਉਸ ਨੂੰ ''ਰੱਬਾਨੀ'' ਆਖਿਆ, ਜੋ ਕਿ ਗੁਰੂ ਲਈ ਵਰਤਿਆ ਜਾਣ ਵਾਲਾ ਇਬਰਾਨੀ ਸ਼ਬਦ ਹੈ। ਯਿਸੂ ਨੇ ਉਸ ਨੂੰ ਆਪਣੇ ਆਪ ਨੂੰ ਛੂਹਣ ਤੋਂ ਮਨ੍ਹਾਂ ਕਰ ਦਿੱਤਾ। (ਭੌਤਿਕ ਨਾਲੋਂ ਵੱਧ ਇਹ ਕਿ ਜਜ਼ਬਾਤੀ ਮੁੱਦਾ ਸੀ) ਕਿਉਂਕਿ ਉਹ ਅਜੇ ਪਿਤਾ ਦੇ ਕੋਲ਼ ਉੱਪਰ ਨਹੀਂ ਗਿਆ ਸੀ (20:17)। ਬਾਗ਼ ਵਿੱਚੋਂ ਨਿੱਕਲ ਕੇ, ਉਹ ਤੁਰੰਤ ਚੇਲਿਆਂ ਕੋਲ ਗਈ ਅਤੇ ਉਨ੍ਹਾਂ ਨੂੰ ਦੱਸਿਆ, ''ਮੈਂ ਪ੍ਰਭੂ ਨੂੰ ਵੇਖਿਆ'' (20:18)। ਮਹਾਨ ਗੁਰੂ ਨੂੰ ਮਿਲ ਕੇ ਮਰੀਅਮ ਨੂੰ ਜੀ ਉੱਠੇ ਪ੍ਰਭੂ ਵਿਚ ਵਿਸ਼ਵਾਸ ਹੋ ਗਿਆ ਸੀ!

## ਜੀ ਉੱਠਣ ਅਤੇ ਚੁਬਾਰੇ ਵਿਚ ਚੇਲੇ (20:19-24)

ਜੀ ਉੱਠਣ ਵਾਲਾ ਐਤਵਾਰ ਚੇਲਿਆਂ ਲਈ ਲੰਮਾ ਅਤੇ ਉਲਝਾਉਣ ਵਾਲਾ ਸੀ। ਓਸੇ ਸ਼ਾਮ ਉਹ ਯਹੂਦੀ ਆਗੂਆਂ ਦੇ ਡਰ ਕਰਕੇ ਜਿਨ੍ਹਾਂ ਯਿਸੂ ਨੂੰ ਮਾਰ ਦਿੱਤਾ ਸੀ, ਬੰਦ ਦਰਵਾਜ਼ਿਆਂ ਦੇ ਪਿੱਛੇ ਲੁਕੇ ਹੋਏ ਸਨ। ਮਰੀਅਮ ਮਗਦਲੀਨੀ ਅਜੇ ਵੀ ਕਿਸੇ ਜਜ਼ਬਾਤੀ ਅਤੇ ਨਿਰਾਸ਼ ਵਿਅਕਤੀ ਦਾ ਸਨਕੀ ਦਾਅਵਾ ਲੱਗਦਾ ਸੀ। ਉਨ੍ਹਾਂ ਨੂੰ ਇਹ ਤਾਂ ਪਤਾ ਨਹੀਂ ਸੀ ਕਿ ਉਹਦੀ ਲਾਸ਼ ਕਿੱਥੇ ਰੱਖੀ ਗਈ ਹੈ, ਪਰ ਉਨ੍ਹਾਂ ਦੇ ਮਨਾਂ ਵਿਚ ਯਿਸੂ ਮਰ ਚੁੱਕਾ ਸੀ। ਜਿੱਥੇ ਅਸੀਂ ਇਹ ਧਿਆਨ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਚੇਲਿਆਂ ਦੇ ਮਨਾਂ ਵਿਚ ਡਰ ਆਉਣਾ ਕੁਦਰਤੀ ਹੀ ਸੀ ਜਿਨ੍ਹਾਂ ਦਾ ਮਾਲਕ ਮਰ ਗਿਆ ਹੋਵੇ। ਅੱਜ ਵੀ, ਮਸੀਹੀ ਲੋਕ, ਡਰ ਕੇ ਰਹਿੰਦੇ ਹਨ, ਤਾਂ ਉਨ੍ਹਾਂ ਦੀ ਜ਼ਿੰਦਗੀ ਅਜਿਹੀ ਹੁੰਦੀ ਜਿਵੇਂ ਪ੍ਰਭੂ ਕਬਰ ਵਿਚ ਹੀ ਹੋਵੇ।

ਚੇਲੇ ਜਦ ਬੰਦ ਕਮਰੇ ਵਿਚ ਇਕੱਠੇ ਹੋਏ, ਤਾਂ ਅਚਾਨਕ ਯਿਸੂ ਕਮਰੇ ਵਿਚ ਪਰਗਟ ਹੋ ਗਿਆ। ਉਸ ਨੇ ਇਨ੍ਹਾਂ ਸ਼ਬਦਾਂ ਨਾਲ ਸਲਾਮ ਕੀਤਾ, ''ਤੁਹਾਨੂੰ ਸ਼ਾਂਤੀ ਮਿਲੇ'' (20:19) ਅਤੇ

ਉਨ੍ਹਾਂ ਨੂੰ ਆਪਣੇ ਹੱਥਾਂ ਅਤੇ ਪੈਰਾਂ ਵਿਚ ਲੱਗੇ ਕਿੱਲਾਂ ਦੇ ਨਿਸ਼ਾਨ ਵਿਖਾਏ। ਹੈਰਾਨ ਹੋਏ ਚੇਲੇ ''ਪ੍ਰਭੂ ਨੂੰ ਵੇਖ ਕੇ ਨਿਹਾਲ ਹੋਏ!'' (20:20)। ਵਿਸ਼ਵਾਸ ਦੇ ਸੰਦਰਭ ਵਿਚ ''ਸ਼ਾਂਤੀ'' ''ਨਿਹਾਲ'' ਅਤੇ ''ਡਰ'' ਸ਼ਬਦ ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਦੀਆਂ ਪਹਿਲੀਆਂ ਆਇਤਾਂ ਦੀ ਯਾਦ ਦੁਆਉਂਦੇ ਹਨ, ਜਿੱਥੇ ਯਿਸੂ ਨੇ ਆਪਣੀ ਮੌਤ ਅਤੇ ਜੀ ਉੱਠਣ ਦੀਆਂ ਨਬੂਵਤਾਂ ਕੀਤੀਆਂ ਸਨ:

> ਮੈਂ ਤੁਹਾਨੂੰ ਸ਼ਾਂਤੀ ਦੇ ਜਾਂਦਾ ਹਾਂ। ਆਪਣੀ ਸ਼ਾਂਤੀ ਮੈਂ ਤੁਹਾਨੂੰ ਦਿੰਦਾ ਹਾਂ। ਜਿਸ ਤਰ੍ਹਾਂ ਸੰਸਾਰ ਦਿੰਦਾ ਹੈ ਮੈਂ ਉਸ ਤਰ੍ਹਾਂ ਤੁਹਾਨੂੰ ਨਹੀਂ ਦਿੰਦਾ ਹਾਂ। ਤੁਹਾਡਾ ਦਿਲ ਨਾ ਘਬਰਾਵੇ ਅਤੇ ਨਾ ਡਰੇ। ਤੁਸਾਂ ਸੁਣਿਆ ਜੋ ਮੈਂ ਤੁਹਾਨੂੰ ਆਖਿਆ ਸੀ ਭਈ ਮੈਂ ਚੱਲਿਆ ਜਾਂਦਾ ਹਾਂ, ਫੇਰ ਤੁਹਾਡੇ ਕੋਲ ਆਉਂਦਾ ਹਾਂ ਜੇ ਤੁਸੀਂ ਮੇਰੇ ਨਾਲ ਪਿਆਰ ਕਰਦੇ ਤਾਂ ਐਸ ਤੋਂ ਅਨੰਦ ਹੁੰਦੇ ਜੋ ਮੈਂ ਪਿਤਾ ਕੋਲ ਜਾਂਦਾ ਹਾਂ ਕਿਉਂ ਜੋ ਪਿਤਾ ਮੈਥੋਂ ਵੱਡਾ ਹੈ ਅਤੇ ਹੁਣ ਉਹ ਗੱਲ ਦੇ ਹੋਣ ਤੋਂ ਅੱਗੇ ਮੈਂ ਤੁਹਾਨੂੰ ਦੱਸਿਆ ਹੈ ਤਾਂ ਜਦ ਉਹ ਹੋ ਲਵੇ ਤਦ ਤੁਸੀਂ ਪਰਤੀਤ ਕਰੋ (14:27-29)।

ਅਖ਼ੀਰ ਵਿਚ, ਜੀ ਉੱਠਣ ਵਾਲੀ ਸ਼ਾਮ ਜਦ ਯਿਸੂ ਬੰਦ ਕਮਰੇ ਵਿਚ ਚੇਲਿਆਂ ਦੇ ਸਾਹਮਣੇ ਪਰਗਟ ਹੋਇਆ ਤਾਂ ਉਨ੍ਹਾਂ ਨੂੰ ਅਹਿਸਾਸ ਹੋਣ ਲੱਗਾ ਕਿ ਉਹ ਇਕ ਅਨੋਖੇ ਗੁਰੂ ਜਾ ਵੱਡੇ ਨਬੀ ਨਾਲੋਂ ਕਿਤੇ ਵਧ ਕੇ ਸੀ ਭਾਵ ਉਹ ਜੀ ਉੱਠਿਆ ਮਸੀਹ ਅਤੇ ਪਰਮੇਸ਼ੁਰ ਦਾ ਪੁੱਤਰ ਸੀ! ਉਨ੍ਹਾਂ ਦਾ ਡਰ ਮੁੱਕਣ ਲੱਗਾ, ਉਨ੍ਹਾਂ ਦਾ ਅਨੰਦ ਪਰਤ ਆਇਆ ਅਤੇ ਉਹ ਪਰਮੇਸ਼ੁਰ ਦੀ ਅਨੋਖੀ ਸ਼ਾਂਤੀ ਮਹਿਸੂਸ ਕਰਨ ਲੱਗੇ।

## ਜੀ ਉੱਠਣ ਅਤੇ ਥੋਮਾ (20:25- 29)

ਬਾਕੀ ਦਸ ਚੇਲਿਆਂ ਦੇ ਸਾਹਮਣੇ ਯਿਸੂ ਦੇ ਪਰਗਟ ਹੋਣ ਵੇਲੇ ਥੋਮਾ ਉੱਥੇ ਨਹੀਂ ਸੀ। ਉਸ ਦੇ ਵਾਪਸ ਆਉਣ ਤੇ ਉਨ੍ਹਾਂ ਨੂੰ ਮਰੀਅਮ ਦੀ ਕਹੀ ਗੱਲ ਕਹੀ: ''ਅਸਾਂ ਪ੍ਰਭੂ ਨੂੰ ਵੇਖਿਆ ਹੈ'' (20:25)। ਭਾਵੇਂ ਥੋਮਾ ਨੂੰ ਕਿਸੇ ਸਮੇਂ ਯਿਸੂ ਤੇ ਬਹੁਤ ਵਿਸ਼ਵਾਸ ਸੀ,[1] ਪਰ ਜਿੱਥੇ ਕਹਾਣੀ ਵਿਚ ਉਸ ਦਾ ਮਨ ਬੜਾ ਸਖ਼ਤ ਅਤੇ ਸ਼ੱਕੀ ਹੋ ਗਿਆ ਸੀ। ਇਕ ਵਕਤ ਅਜਿਹਾ ਸੀ ਜਦ ਉਹ ਯਿਸੂ ਦੇ ਨਾਲ ਸਚਮੁਚ ਸੁਰਗੀ ਦ੍ਰਿਸ਼ ਵੇਖ ਸਕਦਾ ਸੀ, ਪਰ ਨਿਰਾਸ਼ਾ ਅਤੇ ਸਦਮੇ ਨੇ ਉਨ੍ਹਾਂ ਨੂੰ ਸੰਸਾਰ ਵਾਂਗ ਸੋਚਣ ਲਈ ਮਜਬੂਰ ਕਰ ਦਿੱਤਾ ਸੀ। ਥੋਮਾ ਨੇ ਜ਼ੋਰ ਦੇ ਕੇ ਕਿਹਾ, ''ਜਿੰਨਾ ਚਿਰ ਮੈਂ ਉਹ ਦੇ ਹੱਥਾਂ ਵਿਚ ਕਿੱਲਾਂ ਦਾ ਨਿਸ਼ਾਨ ਨਾ ਵੇਖਾਂ ਅਤੇ ਕਿੱਲਾਂ ਦੇ ਨਿਸ਼ਾਨ ਵਿਚ ਆਪਣਾ ਰੱਖ ਨਾ ਵਾੜਾਂ ਓਨਾ ਚਿਰ ਮੈਂ ਕਦੇ ਸਤ ਨਾ ਮੰਨਾਂਗਾ'' (20:25)।

ਥੋਮਾ ਦੇ ਸ਼ੱਕ ਲਈ ਉਸ ਦੀ ਅਲੋਚਨਾ ਕਰਨਾ ਸੌਖਾ ਹੈ। ਪਰ ਹਕੀਕਤ ਇਹ ਹੈ ਕਿ ਅਸੀਂ ਸਭ ਉਹਦੇ ਵਰਗੇ ਹੀ ਹਾਂ। ਉਸ ਫ਼ੈਸਲੇ ਨੂੰ ਹਲਕਾ ਜਾਣਨਾ ਬਹੁਤ ਹੱਦ ਤਕ ਸਾਡੇ ਵਿਸ਼ਵਾਸ ਤੇ ਨਿਰਭਰ ਕਰਦਾ ਹੈ। ਅਸੀਂ ਯਿਸੂ ਨੂੰ ਆਪਣੀਆਂ ਅੱਖਾਂ ਨਾਲ ਅਤੇ ਛੂਹ ਕੇ ਵੇਖਣਾ ਚਾਹੁੰਦੇ ਹਾਂ ਕਿ ਉਹ ਜੀ ਉੱਠਿਆ ਹੈ ਜਾਂ ਨਹੀਂ। ਥੋਮਾ ਆਪਣੇ ਸ਼ੱਕਾਂ ਦਾ ਮੁਕਾਬਲਾ ਕਰ ਕੇ ਉਨ੍ਹਾ ਵਿੱਚੋਂ ਨਿਕਲਣ ਵਿਚ ਸਾਡੀ ਮਦਦ ਕਰਦਾ ਹੈ।

ਅੱਠ ਦਿਨਾਂ ਤਕ ਥੋਮਾ ਵੱਲੋਂ ਆਪਣੇ ਸ਼ੱਕ ਨੂੰ ਬਾਰ-ਬਾਰ ਪਰਗਟ ਕਰਨ ਦੇ ਬਾਅਦ, ਚੇਲੇ ਫੇਰ ਬੰਦ ਦਰਵਾਜਿਆਂ ਦੇ ਪਿੱਛੋਂ ਇਕੱਠੇ ਹੋਏ। ਇਸ ਵਾਰ ਯਿਸੂ ਦੇ ਪਹਿਲਾਂ ਵਾਂਗ ਹੀ

ਫੇਰ ਪਰਗਟ ਹੋਣ ਵੇਲੇ ਥੋਮਾ ਉਨ੍ਹਾਂ ਦੇ ਨਾਲ ਸੀ। ਥੋਮਾ ਦਾ ਸ਼ੱਕ ਦੂਰ ਕਰਨ ਲਈ ਯਿਸੂ ਨੇ ਉਸ ਨੂੰ ਆਪਣੇ ਹੱਥ ਵੇਖਣ, ਅਤੇ ਜ਼ਖ਼ਮਾਂ ਨੂੰ ਛੂਹਣ ਅਤੇ ਆਪਣੀ ਪੱਸਲੀ ਵਿਚ ਹੱਥ ਪਾਉਣ ਲਈ ਕਿਹਾ, ਤਾਂ ਥੋਮਾ ਪੁਕਾਰ ਉੱਠਿਆ, ''ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ!'' (20:28)। ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਪ੍ਰਭੂ ਦੇ ਰੂਪ ਵਿਚ ਯਿਸੂ ਦਾ ਇਹ ਸਭ ਤੋਂ ਵੱਡਾ ਇੱਕੋ ਇਕਰਾਰ ਹੈ ਅਤੇ ਇਹ ਇਕਰਾਰ ਕਿਸੇ ਵੱਡੀ ਨਿਰਾਸ਼ਾ ਵਿਚ ਡੁੱਬੇ ਸੰਦੇਹ ਕਰਨ ਵਾਲੇ, ਸਖ਼ਤ ਦਿਲ ਦਾ ਸੀ।

ਥੋਮਾ ਦੇ ਇਕਰਾਰ ਦੇ ਬਾਅਦ, ਯਿਸੂ ਨੇ ਉਸ ਨੂੰ ਇਕ ਗੱਲ ਕਹੀ ਜੋ ਅੱਜ ਸਾਡੇ ਹਾਲਾਤ ਨੂੰ ਬਿਆਨ ਕਰਦੀ ਹੈ। ਉਸ ਨੇ ਥੋਮਾ ਨੂੰ ਕਿਹਾ, ''ਤੈਂ ਜੋ ਮੈਨੂੰ ਵੇਖਿਆ ਇਸੇ ਕਰਕੇ ਪਰਤੀਤ ਕੀਤੀ ਹੈ? ਧੰਨ ਓਹ ਜਿਨ੍ਹਾਂ ਨਹੀਂ ਵੇਖਿਆ ਤਾਂ ਵੀ ਪਰਤੀਤ ਕਰਦੇ ਹਨ'' (20:29)।ਅਸੀਂ ਸਭ ਉਹੀ ਸਬੂਤ ਚਾਹੁੰਦੇ ਹਾਂ ਜੋ ਥੋਮਾ ਨੂੰ ਦਿੱਤਾ ਗਿਆ।

## ਜੀ ਉੱਠਣ ਅਤੇ ਅਸੀਂ (20:30, 31)

20:30, 31 ਵਿਚ, ਅਸੀਂ ਪੂਰੀ ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਦੇ ਉਦੇਸ਼ ਵਾਕ ਤੇ ਆਉਂਦੇ ਹਾਂ:

> ਯਿਸੂ ਨੇ ਹੋਰ ਵੀ ਬਾਹਲੇ ਨਿਸ਼ਾਨ ਚੇਲਿਆਂ ਦੇ ਸਾਹਮਣੇ ਵਿਖਾਏ ਜੋ ਇਸ ਪੁਸਤਕ ਵਿਚ ਨਹੀਂ ਲਿਖੇ ਗਏ। ਪਰ ਇਹ ਇਸ ਲਈ ਲਿਖੇ ਗਏ ਹਨ ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ, ਨਾਲੇ ਪਰਤੀਤ ਕਰ ਕੇ ਉਹ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ।

ਉਸ ਨੇ ਸਾਫ਼ ਕਿਹਾ ਕਿ ਯਿਸੂ ਨੇ ਆਪਣੇ ਚੇਲਿਆਂ ਦੇ ਸਾਹਮਣੇ ਬਹੁਤ ਸਾਰੇ ਹੋਰ ਵੀ ''ਨਿਸ਼ਾਨ'' ਵਿਖਾਏ, ਪਰ ਉਹ ਸਭ ਨਿਸ਼ਾਨ[2] ਜੋ ਇੰਜੀਲ ਦੀ ਇਸ ਕਿਤਾਬ ਵਿਚ ਲਿਖੇ ਗਏ, ਆਉਣ ਵਾਲੀਆਂ ਪੀੜ੍ਹੀਆਂ ਵਿਚ ਵਿਸ਼ਵਾਸ ਪੈਦਾ ਕਰਨ ਦੇ ਮਕਸਦ ਨਾਲ ਹੀ ਸ਼ਾਮਿਲ ਕੀਤੇ ਗਏ ਹਨ। ਇੰਜੀਲ ਦੀ ਇਸ ਕਿਤਾਬ ਰਾਹੀਂ ਯਿਸੂ ਦੀ ਕਹਾਣੀ ਨੂੰ ਜਾਣਨ ਵਾਲੇ ਲੋਕ ਇਹ ਵਿਸ਼ਵਾਸ ਕਰ ਸਕਦੇ ਹਨ ਕਿ ਯਿਸੂ ਹੀ ਮਸੀਹ ਭਾਵ ਪਰਮੇਸ਼ੁਰ ਦਾ ਪੁੱਤਰ ਹੈ ਅਤੇ ਵਿਸ਼ਵਾਸ ਕਰਕੇ ਉਹ ਦੇ ਨਾਂਅ ਵਿਚ ਅਸੀਂ ਜ਼ਿੰਦਗੀ ਪਾ ਸਕਦੇ ਹਾਂ, ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਅਹਿਮ ਮਕਸਦ ਵਾਲੀ ਵਿਹਾਰਕ ਕਿਤਾਬ ਹੈ।

ਇੰਜੀਲ ਦੀਆਂ ਚਾਰਾਂ ਕਿਤਾਬਾਂ ਵਿਚ ਜੀ ਉੱਠਣ ਦੇ ਵਿਰਤਾਂਤਾਂ ਵਿਚ ਕਿਤੇ ਵੀ ਇਹ ਸੁਝਾਅ ਨਹੀਂ ਦਿੱਤਾ ਗਿਆ ਕਿ ਕਿਸੇ ਨੇ ਯਿਸੂ ਨੂੰ ਕਬਰ ਵਿੱਚੋਂ ਬਾਹਰ ਆਉਂਦਿਆਂ ਵੇਖਿਆ। ਬਹੁਤ ਸਾਰੇ ਲੋਕਾਂ ਨੇ ਉਸ ਨੂੰ ਮਰਦੇ ਵੇਖਿਆ ਅਤੇ ਬਹੁਤਿਆਂ ਉਸ ਨੂੰ ਜੀ ਉੱਠਣ ਦੇ ਬਾਅਦ ਵੇਖਿਆ, ਪਰ ਕਿਸੇ ਨੇ ਵੀ ਉਸਨੂੰ ਕਬਰ ਵਿੱਚੋਂ ਬਾਹਰ ਆਉਂਦੇ ਨਹੀਂ ਵੇਖਿਆ। ਅਰੰਭਿਕ ਚੇਲਿਆਂ ਵਾਂਗ ਹੀ ਸਾਨੂੰ ਵੀ ਆਪਣੇ ਹੀ ਨਤੀਜੇ ਕੱਢਣ ਲਈ ਛੱਡ ਦਿੱਤਾ ਜਾਂਦਾ ਹੈ। ਕਾਲਜ ਦੀ ਉਸ ਦੋਸਤ ਵਾਂਗ ਜਿਸ ਨੇ ਮੈਨੂੰ ਕਿਹਾ ਸੀ, ''ਹਰ ਗੱਲ ਜੀ ਉੱਠਣ ਤੇ ਨਿਰਧਾਰਤ ਹੈ। ਜੇ ਇਹ ਸੱਚ ਹੈ, ਤਾਂ ਸਭ ਸੱਚ ਹੈ। ਜੇ ਇਹ ਝੂਠ ਹੈ ਤਾਂ ਇਸ ਦਾ ਕੋਈ ਲਾਭ ਨਹੀਂ ਹੈ।''

# **ਸਾਰ**

ਵਿਦਵਾਨ ਲੰਮੇ ਸਮੇਂ ਤੋਂ ਇਹ ਚਰਚਾ ਕਰਦੇ ਰਹੇ ਹਨ ਕਿ ਯੂਹੰਨਾ ਨੇ ਇੰਜੀਲ ਦੀ ਆਪਣੀ ਕਿਤਾਬ ਉਨ੍ਹਾਂ ਲੋਕਾਂ ਵਿਚ ਵਿਸ਼ਵਾਸ ਪੈਦਾ ਕਰਨ ਲਈ, ਜਿਹੜੇ ਪਹਿਲਾਂ ਬਿਲਕੁਲ ਵਿਸ਼ਵਾਸ ਨਹੀਂ ਕਰਦੇ ਸਨ ਜਾਂ ਕਮਜ਼ੋਰ ਵਿਸ਼ਵਾਸ ਵਾਲਿਆਂ ਦਾ ਮਜ਼ਬੂਤ ਵਿਸ਼ਵਾਸ ਬਣਾਉਣ ਲਈ ਲਿਖੀ। ਭਲਾ ''ਕਿ ਤੁਸੀਂ ਵਿਸ਼ਵਾਸ ਕਰੋ'' ਤੋਂ ਭਾਵ ''ਤੁਸੀਂ ਵਿਸ਼ਵਾਸ ਕਰਨ ਲੱਗੋ'' ਜਾਂ ਕਿ ''ਤੁਸੀਂ ਵਿਸ਼ਵਾਸ ਕਰਦੇ ਰਹੋ'' ਹੈ? ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਜਾਂ ਦਾ ਸਭ ਤੋਂ ਵਧੀਆ ਜਵਾਬ ''ਦੋਵੇਂ'' ਹੈ। ਯਕੀਨਨ ਹੀ ਯੂਹੰਨਾ ਨੇ ਉਨ੍ਹਾਂ ਲੋਕਾਂ ਵਿਚ ਵਿਸ਼ਵਾਸ ਪੈਦਾ ਕਰਨ ਲਈ ਲਿਖਿਆ ਜੋ ਪਹਿਲਾਂ ਬਿਲਕੁਲ ਵੀ ਵਿਸ਼ਵਾਸ ਨਹੀਂ ਕਰਦੇ ਸਨ। ਇਸ ਦੇ ਇਲਾਵਾ ਇੰਜੀਲ ਦੀ ਇਸ ਕਿਤਾਬ ਵਿਚ ਮਸੀਹੀ ਸਮਾਜ ਵਿਚ ਬਹੁਤਾ ਕਰਕੇ ਥੱਕੇ ਹੋਏ, ਸੰਘਰਸ਼ੀ, ਕਮਜ਼ੋਰ ਜਾਂ ਡਰਪੋਕ ਵਿਸ਼ਵਾਸ ਦੀਆਂ ਮੁਸ਼ਕਿਲਾਂ ਨੂੰ ਸੰਬੋਧਿਤ ਕੀਤਾ ਗਿਆ ਹੈ।

ਮੇਰੇ ਖ਼ਿਆਲ ਵਿਚ ਯੂਹੰਨਾ ਨੂੰ ਚਾਰ ਸਾਲ ਦੀ ਕੁੜੀ ਸ਼ੀਆ ਦੀ ਕਹਾਣੀ ਚੰਗੀ ਲਗਦੀ ਜਿਸ ਨੇ ਆਪਣੇ ਮਾਤਾ ਪਿਤਾ ਨੂੰ ਆਪਣੇ ਨਵਜੰਮੇ ਭਰਾ ਨਾਲ ਇਕੱਲੇ ਛੱਡਣ ਨੂੰ ਕਿਹਾ। ਪਹਿਲਾਂ ਤਾਂ ਉਸ ਦੇ ਮਾਤਾ ਪਿਤਾ ਛੱਡਣ ਵਿਚ ਝਕਦੇ ਰਹੇ, ਪਰ ਜਦ ਉਨ੍ਹਾਂ ਵੇਖਿਆ ਕਿ ਉਹ ਆਪਣੇ ਭਰਾ ਨਾਲ ਐਨੀ ਕੋਮਲ ਅਤੇ ਦਿਆਲੂ ਹੈ ਤਾਂ ਉਹ ਰਾਜ਼ੀ ਹੋ ਗਏ। ਦਰਵਾਜ਼ੇ ਵਿਚ ਦੀ ਤਰੇੜ ਵਿੱਚੋਂ ਉਨ੍ਹਾਂ ਸ਼ੀਆ ਨੂੰ ਝੂਲੇ ਕੋਲ ਜਾ ਕੇ ਪਿਆਰ ਨਾਲ ਇਹ ਆਖਦਿਆਂ ਵੇਖਿਆ, ''ਮੁੰਨਾ ਦੱਸ ਖ਼ੁਦਾ ਨੂੰ ਕਿਹੋ ਜਿਹਾ ਲਗਦਾ ਹੈ। ਮੈਨੂੰ ਭੁੱਲ ਗਿਆ ਹੈ।''

ਇਹ ਪਾਠ ਪੜ੍ਹਨ ਵਾਲੇ ਕੁਝ ਲੋਕਾਂ ਲਈ, ਵਿਸ਼ਵਾਸ ਐਨਾ ਇਕ ਸ਼ੁਰੂਆਤ ਹੀ ਹੈ। ਨਾਲ ਹੀ ਇਹ ਵਧ ਰਿਹਾ ਵਿਸ਼ਵਾਸ ਡਰਾਉਣ ਵਾਲਾ ਅਤੇ ਰੁਮਾਂਚਕਾਰੀ ਹੋ ਜਾਂਦਾ ਹੈ। ਹੋਰਨਾਂ ਲਈ ਵਿਸ਼ਵਾਸ ਬਹੁਤਾ ਕਰਕੇ ਬੀਤੇ ਸਮੇਂ ਦੀ ਗੱਲ ਹੈ, ਭਾਵ ਅਜਿਹੀ ਗੱਲ ਜੋ ਕਿਸੇ ਸਮੇਂ ਸੀ ਪਰ ਹੁਣ ਮਰ ਚੁੱਕੀ ਹੈ। *ਇੰਜੀਲ ਦਾ ਯੂਹੰਨਾ ਦਾ ਵਿਰਤਾਂਤ ''ਭੁੱਲਣਾ ਸ਼ੁਰੂ ਕਰਨ ਵਾਲਿਆਂ'' ਦੇ ਨਾਲ ਨਾਲ ਉਨ੍ਹਾਂ ਲੋਕਾਂ ਲਈ ਵੀ ਹੈ ਜੋ ਵਿਸ਼ਵਾਸ ਤੋਂ ਵਾਕਫ਼ ਨਹੀਂ ਹਨ!*

ਯਿਸੂ ਦੇ ਜੀ ਉੱਠਣ ਬਾਰੇ ਤੁਹਾਡਾ ਕੀ ਵਿਚਾਰ ਹੈ? ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਕੀ ਤੁਸੀਂ ਵਿਸ਼ਵਾਸ ਕਰੋਗੇ? ਕੀ ਤੁਸੀਂ ਆਪਣੇ ਵਿਸ਼ਵਾਸ ਨੂੰ ਨਵਿਆਓਗੇ? *ਸਭ ਕੁਝ* ਤੁਹਾਡੇ ਫ਼ੈਸਲੇ ਤੇ ਨਿਰਭਰ ਹੈ।

---

ਟਿੱਪਣੀਆਂ

[1]ਯੂਹੰਨਾ 11:16 ਯਿਸੂ ਲਈ ਥੋਮਾ ਦੇ ਪਹਿਲੇ ਸਮਰਪਣ ਦੀ ਵਧੀਆ ਉਦਾਹਰਣ ਹੈ। [2]ਯੂਹੰਨਾ ਦੇ ਵਿਰਤਾਂਤ ਦੇ ਸੱਤ ਨਿਸ਼ਾਨ ਹਨ ਪਾਣੀ ਦਾ ਦਾਖਰਸ ਬਣਾਉਣਾ (ਅਧਿਆਇ 2); ਰੋਮੀ ਹਾਕਮ ਦੇ ਪੁੱਤਰ ਨੂੰ ਚੰਗਾ ਕਰਨਾ (4); ਬੈਤਸਦਾ ਦੇ ਤਲਾਅ ਤੇ ਲੰਗੜੇ ਆਦਮੀ ਨੂੰ ਚੰਗਾ ਕਰਨਾ (5); ਪੰਜ ਹਜ਼ਾਰ ਨੂੰ ਖੁਆਉਣਾ (6); ਪਾਣੀ ਤੇ ਚੱਲਣਾ (9); ਅਤੇ ਲਾਜ਼ਰ ਨੂੰ ਜ਼ਿੰਦਾ ਕਰਨਾ (11)। ਸ਼ਾਇਦ ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਨੂੰ ''ਸੱਤ ਨਿਸ਼ਾਨ ਅਤੇ ਵੱਡਾ ਨਿਸ਼ਾਨ (ਜੀ ਉੱਠਣ)'' ਦੀ ਇੰਜੀਲ ਕਹਿਣਾ ਵਧੇਰੇ ਢੁਕਵਾਂ ਹੋਵੇਗਾ।